# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 17-08-2024**

ਕੇਂਦਰ ਸਰਕਾਰ ਕਿਸਾਨਾਂ ਨੂੰ ਵਿਗਿਆਨ ਤੱਕ ਪਹੁੰਚ ਦੇਣ ਲਈ, ਰੇਡੀਓ 'ਤੇ ਇੱਕ ਪ੍ਰੋਗਰਾਮ ਕਿਸਾਨ ਕੀ ਬਾਤ ਸ਼ੁਰੂ ਕਰੇਗੀ। ਇਹ ਪ੍ਰੋਗਰਾਮ ਆਕਾਸ਼ਵਾਣੀ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰੋਗਰਾਮ 'ਮਨ ਕੀ ਬਾਤ' ਵਰਗਾ ਹੀ ਹੋਵੇਗਾ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ, ਨਵੀਂ ਦਿੱਲੀ ਵਿੱਚ ਕਿਸਾਨਾਂ ਨਾਲ ਗੱਲਬਾਤ ਕਰਦਿਆਂ, ਕਿਹਾ ਕਿ ਇਹ ਪ੍ਰੋਗਰਾਮ ਅਗਲੇ ਮਹੀਨੇ ਸ਼ੁਰੂ ਹੋਵੇਗਾ। ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਨਾਲ, ਖੇਤੀਬਾੜੀ ਵਿਗਿਆਨੀ ਤੇ ਵਿਭਾਗੀ ਅਧਿਕਾਰੀ ਕਿਸਾਨਾਂ ਨੂੰ ਜਾਣਕਾਰੀ ਦੇਣਗੇ।

---

ਜਨਤਕ ਪ੍ਰਸਾਰਕ, ਪ੍ਰਸਾਰ ਭਾਰਤੀ ਅਤੇ ਸੰਸਦ ਟੈਲੀਵਿਜ਼ਨ ਦਰਮਿਆਨ ਇੱਕ ਸਮਝੌਤਾ ਸਹੀਬੱਧ ਕੀਤਾ ਗਿਆ ਏ। ਸੰਸਦ ਭਵਨ ਕੰਪਲੈਕਸ ਵਿੱਚ, ਇਸ ਸਹਿਮਤੀ ਪੱਤਰ 'ਤੇ ਸੰਸਦ ਟੈਲੀਵਿਜ਼ਨ ਦੇ ਮੁਖ

ਕਾਰਜਕਾਰੀ ਅਧਿਕਾਰੀ ਰਜਿਤ ਪੁਨਹਾਨੀ ਤੇ ਪ੍ਰਸਾਰ ਭਾਰਤੀ ਦੇ ਮੁਖ ਕਾਰਜਕਾਰੀ ਅਧਿਕਾਰੀ ਗੌਰਵ ਦਿਵੇਦੀ ਅਤੇ ਦੋਵਾਂ ਸੰਸਥਾਵਾਂ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹਸਤਾਖਰ ਕੀਤੇ ਗਏ । ਗੌਰਵ ਦਿਵੇਦੀ ਨੇ ਇਸ ਮੌਕੇ ਕਿਹਾ ਕਿ ਅਸੀਂ ਆਪਣੇ ਪ੍ਰੋਗਰਾਮ ਆਪਸ ਵਿੱਚ ਸਾਂਝੇ ਕਰਾਂਗੇ।

---------------------------------------------------------------

ਕੋਲਕਾਤਾ 'ਚ ਮਹਿਲਾ ਡਾਕਟਰ ਨਾਲ ਜਬਰ ਜਨਾਹ ਅਤੇ ਕਤਲ ਮਾਮਲੇ ਖਿਲਾਫ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਡਾਕਟਰ ਅੱਜ ਲਗਾਤਾਰ ਦੂਜੇ ਦਿਨ ਵੀ ਹੜਤਾਲ 'ਤੇ ਨੇ, ਜਿਸ ਨਾਲ ਸੂਬੇ ਭਰ ਵਿਚ ਸਿਹਤ ਸੇਵਾਵਾਂ ਠੱਪ ਨੇ । ਹਸਪਤਾਲਾਂ ਵਿਚ ਆਉਣ ਵਾਲੇ ਮਰੀਜਾਂ ਨੂੰ ਹੜਤਾਲ ਕਰਕੇ ਕਾਫੀ ਖਜਲ ਖੁਆਰ ਹੋਣਾ ਪੈ ਰਿਹਾ ਏ। ਪਰ ਐਮਰਜੈਂਸੀ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਏ । ਫਤਹਿਗੜ੍ਹ ਸਾਹਿਬ ਵਿਖੇ, ਇੰਡੀਅਨ ਮੈਡੀਕਲ ਐਸੋਸੀਏਸ਼ਨ, PCMS ਐਸੋਸੀਏਸ਼ਨ ਸਮੇਤ ਹੋਰ ਵੱਖ ਵੱਖ ਐਸੋਸੀਏਸ਼ਨ ਵੱਲੋਂ ਸਰਹਿੰਦ ਜੋਤੀ ਸਰੂਪ ਮੋੜ ਤੋਂ ਲੈ ਕੇ, ਡੀ ਸੀ ਦਫਤਰ ਤੱਕ ਇੱਕ ਰੋਸ਼ ਮਾਰਚ ਕੱਢਿਆ ਗਿਆ ਅਤੇ ਮੰਗ ਪੱਤਰ ਪ੍ਰਸ਼ਾਸਨ ਨੂੰ ਸੌਂਪਿਆ ਗਿਆ । ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ

ਜ਼ਿਲ੍ਹਾ ਪ੍ਰਧਾਨ ਡਾਕਟਰ ਰਵਦੀਪ ਸਿੰਘ ਸੰਧੂ ਨੇ, ਕਿਹਾ ਕਿ ਅੱਜ ਡਾਕਟਰ ਸੁਰੱਖਿਅਤ ਨਹੀਂ ਨੇ ਅਤੇ ਕੋਲਕਾਤਾ ਦੀ ਘਟਨਾ ਬਹੁਤ ਹੀ ਸ਼ਰਮਨਾਕ ਏ । ਉਨ੍ਹਾਂ ਡਾਕਟਰਾਂ ਤੇ ਪੈਰਾ ਮੈਡੀਕਲ ਸਟਾਫ਼ ਦੀ ਸੁਰੱਖਿਆ ਲਈ 'ਕੇਂਦਰੀ ਸੁਰੱਖਿਆ ਕਾਨੂੰਨ' ਦੀ ਮੰਗ ਕੀਤੀ । ਫਰੀਦਕੋਟ ਵਿਖੇ ਵੀ ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲੇ ਡਾਕਟਰਾਂ ਨੇ ਕਲੀਨਿਕ ਅਤੇ ਹਸਪਤਾਲ ਬੰਦ ਰੱਖਣ ਦਾ ਐਲਾਨ ਕੀਤਾ ਏ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਐਸ ਐਸ ਬਰਾੜ ਨੇ ਦੱਸਿਆ ਕਿ ਸਿਰਫ ਐਮਰਜੈਂਸੀ ਸੇਵਾਵਾਂ ਹੀ ਦਿੱਤੀਆਂ ਜਾਣਗੀਆਂ।

--------------------------------------------------

ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ, ਪੈਰਿਸ ਓਲੰਪਿਕ 2024 ਵਿੱਚ ਭਾਰਤੀ ਫੌਜ ਦੇ ਖਿਡਾਰੀਆਂ ਨੂੰ, ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ। ਨਵੀਂ ਦਿੱਲੀ ਦੇ ਸਾਊਥ ਬਲਾਕ ਵਿਖੇ ਕਲ ਹੋਏ, ਇਕ ਸਮਾਗਮ ਦੌਰਾਨ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ। ਇਹ ਨਾ ਸਿਰਫ਼ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਸਗੋਂ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕਰਨ ਦਾ ਮੌਕਾ ਵੀ ਸੀ। ਭਾਰਤੀ ਫੌਜ ਨੇ ਦੇਸ਼ ਵਿੱਚ ਖੇਡ ਪ੍ਰਤਿਭਾ ਨੂੰ ਪਾਲਣ ਵਿੱਚ ਭੂਮਿਕਾ

ਨਿਭਾਈ ਏ। ਭਾਰਤੀ ਦਲ ਨੇ ਪੈਰਿਸ ਓਲੰਪਿਕ ਵਿੱਚ ਇੱਕ ਚਾਂਦੀ ਤੇ 5 ਕਾਂਸੀ ਦੇ ਤਮਗਿਆਂ ਸਮੇਤ ਕੁੱਲ 6 ਤਮਗੇ ਜਿੱਤੇ ਨੇ ਅਤੇ ਇਸ ਵਿੱਚ ਭਾਰਤੀ ਸੈਨਾ ਦੇ ਉਪ ਮੇਜਰ ਨੀਰਜ ਚੋਪੜਾ ਨੇ, ਭਾਰਤ ਲਈ ਜੈਵਲਿਨ ਵਿੱਚ ਇੱਕੋ ਇੱਕ ਚਾਂਦੀ ਦਾ ਤਮਗਾ ਜਿੱਤਿਆ ਏ। ਜਨਰਲ ਉਪੇਂਦਰ ਦਿਵੇਦੀ ਨੇ ਫੌਜ ਦੇ ਖਿਡਾਰੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਡੂੰਘਾ ਮਾਣ ਜ਼ਾਹਰ ਕੀਤਾ ਅਤੇ ਕਿਹਾ ਕਿ ਅਨੁਸ਼ਾਸਨ, ਲਗਨ ਤੇ ਸਮਰਪਣ ਭਾਰਤੀ ਫੌਜ ਦੀਆਂ ਮੂਲ ਕਦਰਾਂ ਕੀਮਤਾਂ ਦਾ ਪ੍ਰਤੀਕ ਏ। ਉਨ੍ਹਾਂ ਦੀਆਂ ਪ੍ਰਾਪਤੀਆਂ ਨੇ ਨਾ ਸਿਰਫ਼ ਸ਼ਲਾਘਾ ਹਾਸਲ ਕੀਤੀ ਏ, ਸਗੋਂ ਅਣਗਿਣਤ ਹੋਰਾਂ ਨੂੰ ਖੇਡਾਂ ਦੇ ਖੇਤਰ ਵਿੱਚ ਉੱਤਮਤਾ ਹਾਸਲ ਕਰਨ ਲਈ ਪ੍ਰੇਰਿਤ ਵੀ ਕੀਤਾ ਏ। ਉਨਾਂ ਕਿਹਾ ਕਿ ਭਾਰਤੀ ਫੌਜ ਦੇਸ਼ ਲਈ ਤਾਕਤ, ਬਹਾਦਰੀ ਤੇ ਅਨੁਸ਼ਾਸਨ ਦੇ ਥੰਮ੍ਹ ਵਜੋਂ ਖੜ੍ਹੀ ਏ। ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਕਿ ਸਰਹੱਦਾਂ ਦੀ ਰੱਖਿਆ ਕਰਨ ਦੇ ਆਪਣੇ ਮੁਢਲੇ ਮਿਸ਼ਨ ਤੋਂ ਇਲਾਵਾ, ਫੌਜ ਲਗਾਤਾਰ ਵੱਖ-ਵੱਖ ਸਮਾਜਿਕ-ਸੱਭਿਆਚਾਰਕ ਰੁਝੇਵਿਆਂ ਲਈ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੀ ਏ ਅਤੇ ਖੇਡਾਂ ਸਮੇਤ, ਰਾਸ਼ਟਰ-ਨਿਰਮਾਣ ਵਿੱਚ ਸੰਪੂਰਨ ਯੋਗਦਾਨ ਪਾਉਂਦੀ ਏ।

-----------------------------------------------------------

ਭਾਰਤੀ ਫੌਜ਼ ਦੀ 7 ਸਿੱਖ ਰੈਜੀਮੈਂਟ ਨਾਲ ਸਬੰਧਤ ਅਤੇ ਦੂਜੀ ਪੰਜਾਬ ਐਨ.ਸੀ.ਸੀ ਬਟਾਲੀਅਨ ਜਲੰਧਰ ਦੇ ਸੂਬੇਦਾਰ ਮੇਜਰ , ਆਨਰੇਰੀ ਲੈਫਟੀਨੈਂਟ ਹਜਭਜਨ ਸਿੰਘ ਨੂੰ, ਉਨ੍ਹਾਂ ਦੀਆਂ 32 ਸਾਲ ਦੀਆਂ ਸ਼ਾਨਦਾਰ ਫੌਜੀ ਸੇਵਾਵਾਂ ਲਈ 78ਵੇਂ ਆਜ਼ਾਦੀ  ਦਿਵਸ 'ਤੇ ਆਨਰੇਰੀ ਕੈਪਟਨ ਵਜੋਂ ਤਰੱਕੀ ਦਿੱਤੀ ਗਈ ਏ। ਕੈਪਟਨ ਹਰਭਜਨ ਸਿੰਘ ਪਿਛਲੇ ਚਾਰ ਸਾਲਾਂ ਤੋਂ ਬਟਾਲੀਅਨ ਵਿੱਚ ਕੋਈ 3 ਹਜ਼ਾਰ ਨੌਜਵਾਨਾਂ ਨੂੰ ਫੌਜੀ ਸਿਖਲਾਈ ਦੇਣ ਦੇ ਕੰਮ ਨੂੰ ਕਾਮਯਾਬੀ ਨਾਲ ਸੰਭਾਲ ਰਹੇ ਨੇ 25 ਅਗਸਤ 1992 ਨੂੰ ਸਿੱਖ ਰੈਜੀਮੈਂਟਲ ਸੈਂਟਰ ਰਾਮਗੜ੍ਹ ਝਾਰਖੰਡ ਤੋਂ, ਉਨਾਂ ਆਪਣੀ ਫੌਜੀ ਯਾਤਰਾ ਸ਼ੁਰੂ ਕੀਤੀ ਅਤੇ ਜੰਮੂ-ਕਸ਼ਮੀਰ ਦੇ ਅੱਤਵਾਦੀ ਇਲਾਕਿਆਂ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸੇਵਾਵਾਂ ਦਿੱਤੀਆਂ ਨੇ। ਕੈਪਟਨ ਹਰਭਜਨ ਭਾਰਤੀ ਸੈਨਾ ਅਕਾਦਮੀ ਦੇਹਰਾਦੂਨ ਵਿਖੇ ਇੰਸਟ੍ਰਕਟਰ ਵੀ ਰਹਿ ਚੁੱਕੇ ਨੇ ਅਤੇ ਉਨ੍ਹਾਂ ਫੌਜੀ ਕੈਡਿਟਾਂ ਨੂੰ ਸਿਖਲਾਈ ਦਿੱਤੀ ਜਿਹੜੇ ਕਿ ਕਮਿਸ਼ਨ ਲੈ ਕੇ ਦੇਸ਼ ਦੀਆਂ ਸਰਹੱਦਾਂ 'ਤੇ ਸੇਵਾ ਕਰ ਰਹੇ ਨੇ।